**ਡਖਣੇ ਮਃ ੫ ॥ ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥ ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥੧॥** {ਪੰਨਾ 1094}

ਪਦਅਰਥ:- ਹਿਕ—ਇੱਕ। ਭੋਰੀ—ਰਤਾ ਭਰ। ਮਹਿੰਜਾ—ਮੇਰਾ। ਜਾਨੀ—ਹੇ ਪਿਆਰੇ! ਤੋਹਿ—ਤੈਨੂੰ। ਪਸੀ—ਪੱਸੀਂ, ਮੈਂ ਵੇਖਾਂ।

ਅਰਥ:- ਜੇ ਤੂੰ ਮੇਰਾ ਮਿਤ੍ਰ ਹੈਂ, ਤਾਂ ਮੈਨੂੰ ਰਤਾ ਭਰ ਭੀ (ਆਪਣੇ ਨਾਲੋਂ) ਨਾਹ ਵਿਛੋੜ। ਮੇਰੀ ਜਿੰਦ ਤੂੰ (ਆਪਣੇ ਪਿਆਰ ਵਿਚ) ਮੋਹ ਲਈ ਹੈ (ਹੁਣ ਹਰ ਵੇਲੇ ਮੈਨੂੰ ਤਾਂਘ ਰਹਿੰਦੀ ਹੈ ਕਿ) ਹੇ ਪਿਆਰੇ! ਮੈਂ ਕਦੋਂ ਤੈਨੂੰ ਵੇਖਾਂ।1।

**ਮਾਰੂ ਵਾਰ ਮਹਲਾ ੫ ਡਖਣੇ ਮਃ ੫ ੧ੴ ਸਤਿਗੁਰ ਪ੍ਰਸਾਦਿ ॥ ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥ ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥੧॥** {ਪੰਨਾ 1094}

ਪਦਅਰਥ:- ਚਉ—ਕਹੁ, ਦੱਸ। ਸਜਣ ਮੈਡਿਆ—ਹੇ ਮੇਰੇ ਸੱਜਣ! ਡੇਈ—ਡੇਈਂ, ਮੈਂ ਦਿਆਂ। ਸਿਸੁ—ਸੀਸ, ਸਿਰ। ਮਹਿੰਜੇ—ਮੇਰੇ। ਪਸੀ—ਪੱਸੀਂ, ਮੈਂ ਵੇਖਾਂ।

ਅਰਥ:- ਹੇ ਮੇਰੇ ਸੱਜਣ! ਤੂੰ ਆਖ (ਭਾਵ, ਜੇ ਤੂੰ ਆਖੇਂ ਤਾਂ) ਮੈਂ ਆਪਣਾ ਸਿਰ ਭੀ ਲਾਹ ਕੇ ਭੇਟ ਕਰ ਦਿਆਂ, ਮੇਰੀਆਂ ਅੱਖਾਂ ਤਰਸ ਰਹੀਆਂ ਹਨ, ਮੈਂ ਕਦੋਂ ਤੇਰਾ ਦਰਸਨ ਕਰਾਂਗੀ।1।